# Early Years Pupil Premium – Punjabi

ਅਰਲੀ ਈਰਸ ਪਿਊਪਲ ਪ੍ਰੀਮਿਅਮ [Early Years' Pupil Premium]

ਅਪ੍ਰੈਲ 2015 ਤੋਂ, ਨਰਸਰੀਆਂ, ਪ੍ਰੀਸਕੂਲ, ਚਾਈਲਡਮਾਇੰਡਰ ਅਤੇ ਹੋਰ ਬਾਲ ਦੇਖਭਾਲ ਪ੍ਰਦਾਤਾ ਬੱਚਿਆਂ ਦੇ ਵਿਕਾਸ, ਸਿਖਲਾਈ ਅਤੇ ਦੇਖਭਾਲ ਵਿੱਚ ਸਮਰਥਨ ਲਈ ਅਰਲੀ ਈਰਸ ਪਿਊਪਲ ਪ੍ਰੀਮਿਅਮ ਦੇ ਰਾਹੀਂ ਵਾਧੂ ਫੰਡਿੰਗ ਨੂੰ ਕਲੇਮ ਕਰ ਸਕਣਗੇ।

ਸਾਲ ਵਿੱਚ £300 ਦੀ ਫੰਡਿੰਗ ਤੁਹਾਡੀ ਨਰਸਰੀ, ਪ੍ਰੀਸਕੂਲ ਜਾਂ ਚਾਈਲਡਮਾਇੰਡਰ ਕੋਲ ਜਾਂਦੀ ਹੈ ਅਤੇ ਉਹ ਇਸ ਸਹਾਇਤਾ ਨੂੰ ਉਹਨਾਂ ਸਾਰਿਆਂ ਬੱਚਿਆਂ ਲਈ ਵਰਤ ਸਕਦੇ ਹਨ ਜੋ ਫੰਡਿੰਗ ਦੇ ਯੋਗ ਹਨ। 3 ਅਤੇ 4 ਸਾਲ ਦੇ ਵਿਦਿਆਰਥੀ ਜਿਨ੍ਹਾਂ ਦੇ ਮਾਪਿਆਂ ਨੂੰ ਕੁਝ ਖਾਸ ਬੈਨਿਫਿਟ ਮਿਲਦੇ ਹਨ, ਜਾਂ ਕੋਈ ਬੱਚਾ ਜੋ ਬੀਤੇ ਸਮੇਂ ਵਿੱਚ ਲੋਕਲ ਅਥਾਰਿਟੀ ਦੀ ਦੇਖਭਾਲ ਵਿੱਚ ਰਿਹਾ ਹੈ, ਇਸ ਫੰਡਿੰਗ ਦੇ ਯੋਗ ਹਨ।

ਤੁਹਾਡੇ ਪ੍ਰੀਸਕੂਲ, ਚਾਈਲਡਮਾਇੰਡਰ ਜਾਂ ਨਰਸਰੀ ਨੂੰ ਇਹ ਜਾਂਚ ਕਰਨ ਦੀ ਲੋੜ ਹੁੰਦੀ ਹੈ ਕਿ ਕੀ ਤੁਹਾਡਾ ਬੱਚਾ ਇਸਦੇ ਯੋਗ ਹੈ ਅਤੇ ਉਹ ਤੁਹਾਨੂੰ ਇੱਕ ਫਾਰਮ ਭਰਨ ਵਾਸਤੇ ਕਹਿਣਗੇ। ਫਾਰਮ 'ਤੇ ਸਾਰੀ ਜਾਣਕਾਰੀ ਸੁਰੱਖਿਅਤ ਰੱਖੀ ਜਾਂਦੀ ਹੈ ਅਤੇ ਸਿਰਫ ਇਹ ਦੇਖਣ ਲਈ ਵਰਤੀ ਜਾਵੇਗੀ ਕਿ ਕੀ ਤੁਹਾਡਾ ਬੱਚਾ ਹੁਣ ਅਤੇ ਜਦੋਂ ਉਹ ਸਕੂਲ ਵਿੱਚ ਹੋਵੇਗਾ, ਪਿਊਪਲ ਪ੍ਰੀਮਿਅਮ ਫੰਡਿੰਗ ਦੇ ਯੋਗ ਹੈ।

ਜੇ ਤੁਹਾਡੇ ਕੋਈ ਪ੍ਰਸ਼ਨ ਹੋਣ ਤਾਂ ਕਿਰਪਾ ਕਰਕੇ ਆਪਣੀ ਨਰਸਰੀ, ਪ੍ਰੀਸਕੂਲ ਜਾਂ ਚਾਈਲਡਮਾਇੰਡਰ ਨੂੰ ਪੁੱਛੋ।

ਇਹ ਪੈਸਾ ਤੁਹਾਡੇ ਬੱਚੇ ਦੀ ਨਰਸਰੀ, ਚਾਈਲਡਮਾਇੰਡਰ ਜਾਂ ਪ੍ਰੀਸਕੂਲ ਲਈ ਅਤੇ ਉਹਨਾਂ ਦੁਆਰਾ ਤੁਹਾਡੇ ਬੱਚੇ ਦੀ ਸਹਾਇਤਾ ਕਰਨ ਵਿੱਚ ਇੱਕ ਵੱਡਾ ਫਰਕ ਲਿਆਵੇਗਾ, ਇਸ ਲਈ ਕਿਰਪਾ ਕਰਕੇ ਫਾਰਮ ਭਰੋ।